# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 18-04-2025**

ਲੋੜੀਂਦੇ ਗੈਂਗਸਟਰ ਹਰਪ੍ਰੀਤ ਸਿੰਘ ਉਰਫ਼ ਹੈਪੀ ਪਾਸੀਆ, ਜਿਸਨੇ ਕਥਿਤ ਤੌਰ 'ਤੇ ਪੰਜਾਬ ਵਿੱਚ 14 ਦਹਿਸ਼ਤਗਰਦ ਹਮਲਿਆਂ ਦੀ ਸਾਜ਼ਿਸ਼ ਰਚੀ ਸੀ, ਨੂੰ ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਸਟਮਜ਼ ਇਨਫੋਰਸਮੈਂਟ ਨੇ ਹਿਰਾਸਤ ਵਿੱਚ ਲੈ ਲਿਆ ਏ। ਉਹ ਭਾਰਤ ਦੀ ਪ੍ਰਮੁੱਖ ਦਹਿਸ਼ਤਗਰਦੀ ਵਿਰੋਧੀ ਸੰਸਥਾ, ਰਾਸ਼ਟਰੀ ਜਾਂਚ ਏਜੰਸੀ (NIA) ਵੱਲੋਂ ਵੀ ਲੋੜੀਂਦਾ ਸੀ। ਇਸ ਸਾਲ ਦੇ ਸ਼ੁਰੂ ਵਿੱਚ, NIA ਨੇ ਚੰਡੀਗੜ੍ਹ ਵਿੱਚ ਇੱਕ ਘਰ ਅਤੇ ਪੰਜਾਬ ਦੇ ਥਾਣਿਆਂ 'ਤੇ ਗ੍ਰਨੇਡ ਹਮਲਿਆਂ ਵਿੱਚ ਕਥਿਤ ਸ਼ਮੂਲੀਅਤ ਲਈ ਪਾਸੀਆਂ'ਤੇ 5 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ। ਪਾਕਿਸਤਾਨ ਸਥਿਤ ਗੈਂਗਸਟਰ ਤੋਂ ਦਹਿਸ਼ਤਗਰਦ ਬਣੇ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਦਾ ਕਰੀਬੀ ਸਾਥੀ ਪਾਸੀਆਂ, ਪਾਕਿਸਤਾਨ ਦੀ ISI, ਰਿੰਦਾ ਅਤੇ ਪਾਬੰਦੀਸ਼ੁਦਾ ਦਹਿਸ਼ਤਗਰਦ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਹਿਯੋਗ ਨਾਲ ਪੰਜਾਬ ਵਿੱਚ ਕਈ ਦਹਿਸ਼ਤਗਰਦ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਏ।

------------------------------------------------------------

ਪੰਜਾਬ ਵਿੱਚ, ਸੀਮਾ ਸੁਰੱਖਿਆ ਬਲ (BSF) ਨੇ ਪਿਛਲੇ 36 ਘੰਟਿਆਂ ਵਿੱਚ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਹਥਿਆਰਾਂ ਅਤੇ ਗੋਲੀ ਸਿੱਕੇ ਦੀ ਖੇਪ ਬਰਾਮਦ ਕੀਤੀ ਏ । ਇਹ ਬਰਾਮਦਗੀਆਂ ਦੋ ਵੱਖ-ਵੱਖ ਕਾਰਵਾਈਆਂ ਵਿੱਚ ਕੀਤੀਆਂ ਗਈਆਂ ਨੇ. ਅੰਮ੍ਰਿਤਸਰ ਵਿੱਚ, BSF ਨੇ ਪੰਜਾਬ ਪੁਲਿਸ ਨਾਲ ਸਾਂਝੀ ਕਾਰਵਾਈ ਵਿੱਚ, 14 ਮੈਗਜ਼ੀਨਾਂ ਦੇ ਨਾਲ 6 ਪਿਸਤੌਲ ਬਰਾਮਦ ਕੀਤੇ, ਜਦੋਂ ਕਿ ਤਰਨਤਾਰਨ ਵਿੱਚ, ਸੀਮਾ ਸੁਰੱਖਿਆ ਬਲ ਨੇ 97 ਜ਼ਿੰਦਾ ਕਾਰਤੂਸਾਂ ਅਤੇ ਹੈਰੋਇਨ ਦੇ ਨਾਲ 3 ਪਿਸਤੌਲ ਬਰਾਮਦ ਕੀਤੇ। ਇਹ ਸਾਰੀਆਂ ਬਰਾਮਦਗੀਆਂ ਪਾਕਿਸਤਾਨ ਨਾਲ ਲੱਗਦੇ ਖੇਤਾਂ ਤੋਂ ਕੀਤੀਆਂ ਗਈਆਂ ਨੇ। BSF ਹਲਕਿਆਂ ਨੇ ਦੱਸਿਆ ਏ ਕਿ ਇਹ ਗੋਲੀ ਸਿੱਕਾ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਭਾਰਤੀ ਧਰਤੀ 'ਤੇ ਹਿੰਸਾ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਦਹਿਸ਼ਤਗਰਦ ਨੈੱਟਵਰਕ ਰਾਹੀਂ ਸੁੱਟੀਆਂ ਗਈਆਂ ਸਨ।

------------------------------------------------------------

ਭਾਰਤ ਵਿੱਚ ਫਰਾਂਸ ਦੇ ਰਾਜਦੂਤ ਡਾ. ਥੀਅਰੀ ਮਾਥੌ ਨੇ ਕਲ੍ਹ ਅੰਮ੍ਰਿਤਸਰ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਗੁਰਬਾਣੀ ਕੀਰਤਨ ਸੁਣਿਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਸਰਾਏ

ਵਿਖੇ ਲੰਗਰ ਦਾ ਪ੍ਰਬੰਧ ਵੀ ਦੇਖਿਆ। ਉਨ੍ਹਾਂ ਕਿਹਾ ਕਿ ਉਹ ਇੱਥੇ ਹਰ ਰੋਜ਼ ਲਗਭਗ ਇਕ ਲੱਖ ਲੋਕਾਂ ਨੂੰ ਵਰਤਾਏ ਜਾਣ ਵਾਲੇ ਲੰਗਰ ਤੋਂ ਬੇਹਦ ਪ੍ਰਭਾਵਿਤ ਹੋਏ ਨੇ, ਜੋ ਕਿ ਦੁਨੀਆ ਦਾ ਸਭ ਤੋਂ ਵੱਡਾ ਲੰਗਰ ਏ। ਸ੍ਰੀ ਮਾਥੌ ਨੇ ਕਿਹਾ ਕਿ ਉਨ੍ਹਾਂ ਲਈ ਅੰਮ੍ਰਿਤਸਰ ਆਉਣਾ ਬਹੁਤ ਮਹੱਤਵਪੂਰਨ ਸੀ. 2023 ਵਿੱਚ ਭਾਰਤ ਵਿੱਚ ਰਾਜਦੂਤ ਬਣਨ ਤੋਂ ਬਾਅਦ ਇਹ ਉਨ੍ਹਾਂ ਦੀ ਪੰਜਾਬ ਦੀ ਪਹਿਲੀ ਯਾਤਰਾ ਸੀ।

-----------------------------------------------------------------------

ਅੱਜ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਏ. ਗੁਰੂ ਸਾਹਿਬ, ਜਿਹਨਾਂ ਦਾ ਜਨਮ 1621 ਵਿੱਚ ਅੰਮ੍ਰਿਤਸਰ ਵਿੱਚ ਹੋਇਆ ਸੀ, ਛੇਵੇਂ ਸਿੱਖ ਗੁਰੂ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇੱਕ ਸਿਧਾਂਤਵਾਦੀ ਅਤੇ ਨਿਡਰ ਯੋਧੇ ਵਜੋਂ ਜਾਣੇ ਜਾਂਦੇ ਗੁਰੂ ਸਾਹਿਬ, ਰੂਹਾਨੀ ਵਿਦਵਾਨ ਅਤੇ ਕਵੀ ਸਨ। ਉਨ੍ਹਾਂ ਦੇ 116 ਸ਼ਲੋਕ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਨੇ. ਪੰਜਾਬ ਅਤੇ ਹੋਰ ਥਾਵਾਂ 'ਤੇ ਇਸ ਮੌਕੇ ਨਗਰ ਕੀਰਤਨ ਸਜਾਏ ਜਾ ਰਹੇ ਨੇ ਅਤੇ ਵੱਡੀ ਗਿਣਤੀ ‘ਚ ਸ਼ਰਧਾਲੂ ਗੁਰਦਵਾਰਿਆਂ ‘ਚ ਪਹੁੰਚ ਰਹੇ ਨੇ ਜਿਥੇ ਗੁਰਬਾਣੀ ਕੀਰਤਨ ਲਗਾਤਾਰ ਜਾਰੀ ਏ . **ਇੱਕ ਰਿਪੋਰਟ** -

-----------------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ

ਦੇ ਪ੍ਰਕਾਸ਼ ਪੁਰਬ 'ਤੇ ਯਾਦ ਕੀਤਾ ਏ. ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਧਰਤੀ ਦੇ ਸਭ ਤੋਂ ਮਹਾਨ ਅਧਿਆਤਮਿਕ ਰਹਿਨੁਮਾਵਾਂ ਵਿੱਚੋਂ ਇੱਕ ਦੱਸਿਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਹਿੰਮਤ ਅਤੇ ਹਮਦਰਦੀ ਭਰੀ ਸੇਵਾ ਦਾ ਪ੍ਰਤੀਕ ਏ । ਓਹਨਾਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਅਨਿਆਂ ਵਿਰੁੱਧ ਆਪਣੀ ਲੜਾਈ ਵਿੱਚ ਅਟੱਲ ਸਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸਿੱਖਿਆਵਾਂ ਦੇਸ਼ ਨੂੰ ਉਸ ਸਮਾਜ ਦੇ ਨਿਰਮਾਣ ਵਿੱਚ ਪ੍ਰੇਰਿਤ ਕਰਦੀਆਂ ਰਹਿਣਗੀਆਂ ਜਿਸਦੀ ਉਨ੍ਹਾਂ ਨੇ ਕਲਪਨਾ ਕੀਤੀ ਸੀ।

-----------------------------------------------------------------------------

ਅੱਜ ਗੁੱਡ ਫਰਾਈਡੇ ਏ । ਇਹ ਦਿਨ ਪ੍ਰਭੂ ਈਸਾ ਮਸੀਹ ਦੇ ਸਲੀਬ ਉੱਤੇ ਚੜ੍ਹਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਏ । ਇਸ ਦਿਨ ਪ੍ਰਭੂ ਈਸਾ ਨੇ ਮਨੁੱਖਤਾ ਨੂੰ ਪਾਪਾਂ ਤੋਂ ਮੁਕਤ ਕਰਨ ਲਈ ਆਪਣਾ ਜੀਵਨ ਕੁਰਬਾਨ ਕੀਤਾ ਸੀ। ਗੁੱਡ ਫਰਾਈਡੇ 'ਤੇ ਲੋਕ ਮਨੁੱਖਤਾ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਅਹਿਦ ਲੈਂਦੇ ਨੇ । ਪ੍ਰਭੂ ਈਸਾ ਦੇ ਮੁੜ੍ਹ ਜੀਵਤ ਹੋ ਜਾਣ ਨੂੰ ਦਰਸਾਉਣ ਲਈ ਈਸਟਰ ਦੇ ਜਸ਼ਨ ਐਤਵਾਰ ਤੋਂ ਸ਼ੁਰੂ ਹੋਣਗੇ ।

--------------------------------------------------------------------------------

ਗੁੱਡ ਫਰਾਈਡੇ ਦੇ ਮੌਕੇ 'ਤੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਈਸਾ ਮਸੀਹ ਦੇ ਬਲੀਦਾਨ ਨੂੰ ਯਾਦ ਕੀਤਾ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਪ੍ਰਧਾਨ ਮੰਤਰੀ ਨੇ ਲਿਖਿਆ ਕਿ ਇਹ ਦਿਨ ਸਾਨੂੰ ਦਿਆਲਤਾ, ਤੇ ਹਮਦਰਦੀ ਦੀ ਕਦਰ ਕਰਨ ਅਤੇ ਹਮੇਸ਼ਾ ਵੱਡੇ ਦਿਲ ਵਾਲੇ ਰਹਿਣ ਲਈ ਪ੍ਰੇਰਿਤ ਕਰਦਾ ਏ।

--------------------------------------------------------------------------------

ਪੰਜਾਬ ਦੇ ਮੁਖ – ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਗੁਡ FRIDAY ਮੌਕੇ ਪ੍ਰਭੂ ਈਸਾ ਮਸੀਹ ਨੂੰ ਨਮਨ ਕੀਤਾ ਏ .